**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**
**ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ(ਵੈਬ ਸਾਇਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ.ਮੈਥ/2010/66819-66869
ਮਿਤੀ,ਚੰਡੀਗੜ੍ਹ: 27-10-2010

ਵਿਸ਼ਾ: ਨਿਰੀਖਣ ਟੀਮਾਂ ਦੇ ਕੰਮ ਕਾਜ ਲਈ ਹਦਾਇਤਾਂ।

1.0 ਉਪਰੋਕਤ ਵਿਸ਼ੇ ਤੇ ਮੁੱਖ ਦਫਤਰ ਦੁਆਰਾ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਦੇ ਮਕਸਦ ਨਾਲ ਸਰਕਾਰ ਦੁਆਰਾ ਜ਼ਿਲ੍ਹਾ ਪੱਧਰ ਤੇ ਅਤੇ ਮੰਡਲ ਪੱਧਰ ਤੇ ਨਿਰੀਖਣ ਟੀਮਾਂ ਦਾ ਗਠਨ ਕੀਤਾ ਗਿਆ ਹੈ । ਪਿਛਲੇ ਦਿਨੀ ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਛੋਟੇ ਛੋਟੇ ਮੁੱਦਿਆਂ ਤੇ ਦਫਤਰ ਦੁਆਰਾ ਸਪਸ਼ਟ ਹਦਾਇਤਾਂ ਨਾ ਹੋਣ ਦੀ ਵਜ੍ਹਾ ਨਾਲ ਇਹਨਾਂ ਟੀਮਾਂ ਨੂੰ ਦਿਕਤਾਂ ਪੇਸ਼ ਆ ਰਹੀਆਂ ਹਨ । ਇਹਨਾਂ ਸਾਰੇ ਮੁੱਦਿਆਂ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਮੀਟਿੰਗ ਵਿੱਚ ਵਿਚਾਰਨ ਉਪਰੰਤ ਹੇਠ ਲਿਖਤ ਅਨੁਸਾਰ ਫੈਸਲੇ ਕੀਤੇ ਗਏ ਸਨ ।

1. ਜਦੋਂ ਨਿਰੀਖਣ ਟੀਮ ਕਿਸੇ ਵੀ ਸਕੂਲ ਵਿੱਚ ਨਿਰੀਖਣ ਲਈ ਦਾਖਲ ਹੋਵੇ ਅਤੇ ਜੇਕਰ ਸਕੂਲ ਦੇ ਮੁੱਖੀ ਕੋਈ ਜਮਾਤ ਲੈ ਰਿਹਾ ਹੋਵੇ ਤਾਂ ਸਕੂਲ ਮੁੱਖੀ ਨੂੰ ਨਿਰੀਖਣ ਟੀਮ ਦੁਆਰਾ ਨਾ ਬੁਲਾਇਆ ਜਾਵੇ ਅਤੇ ਆਪਣੇ ਨਿਰੀਖਣ ਦਾ ਕੰਮ ਨਿਯਮਾਂ ਮੁਤਾਬਿਕ ਸ਼ੁਰੂ ਕਰ ਲਿਆ ਜਾਵੇ।

2. ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਰੀਖਣ ਟੀਮ ਜਦੋਂ ਵੀ ਉਹਨਾਂ ਤੋਂ ਕੋਈ ਰਿਕਾਰਡ ਮੰਗਣ ਜਾਂ ਕਿਸੇ ਵੀ ਹੋਰ ਗੱਲ ਬਾਰੇ ਪੁੱਛਣ ਤਾਂ ਉਸ ਦਾ ਸਿੱਧੇ ਸਿੱਧੇ ਜਵਾਬ ਦੇਣਾ ਸਕੂਲ ਮੁੱਖੀ ਦੀ ਜਿੰਮੇਵਾਰੀ ਹੈ । ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀ ਨਿਰੀਖਣ ਟੀਮਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਲਈ ਕਿਸੇ ਹੋਰ ਅਧਿਆਪਕ ਜਾਂ ਹੇਠਲੇ ਸਟਾਫ ਦੀ ਡਿਊਟੀ ਲਗਾ ਦਿੰਦੇ ਹਨ ।

3. ਨਿਰੀਖਣ ਦੇ ਦੌਰਾਨ ਨਿਰੀਖਣ ਟੀਮ ਅਤੇ ਸਕੂਲ ਮੁੱਖੀ ਦੋਵੇਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਸਕੂਲ ਦਾ ਮਾਹੌਲ ਠੀਕ ਰੱਖਣ।

4. ਨਿਰੀਖਣ ਟੀਮ ਜਦੋਂ ਵੀ ਸਕੂਲ ਵਿੱਚ ਨਿਰੀਖਣ ਲਈ ਜਾਂਦੀ ਹੈ ਤਾਂ ਉਹ ਸਕੂਲ ਦੁਆਰਾ ਚਾਹ ਪਾਣੀ, ਕਲੋਡ ਡਰਿੰਕ ਅਤੇ ਸਨੇਕਸ ਆਦਿ ਸਵੀਕਾਰ ਨਹੀਂ ਕਰਨਗੇ । ਇਸ ਦੇ ਨਾਲ ਹੀ ਇਹ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇ ਕਿ ਇਸ ਤਰ੍ਹਾਂ ਦਾ ਬੇ ਲੋੜੀਂਦਾ ਪ੍ਰਬੰਧ ਜਾਂ ਖਰਚ ਨਾ ਕੀਤਾ ਜਾਵੇ । ਜੇਕਰ ਇਸ ਤਰ੍ਹਾਂ ਦਾ ਖਰਚ ਕੀਤਾ ਜਾਂਦਾ ਹੈ ਤਾਂ ਇਸ ਦੀ ਸਿੱਧੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ ।

5. ਨਿਰੀਖਣ ਟੀਮ ਦੁਆਰਾ ਨਿਰੀਖਣ ਦੌਰਾਨ ਲਏ ਜਾਂਦੇ ਟੈਸਟ ਦੇ ਲਈ ਆਮ ਤੌਰ ਤੇ ਕੁਝ ਵਿਦਿਆਰਥੀਆਂ ਨੂੰ ਕਲਾਸ ਤੋਂ ਵੱਖਰੇ ਕਰਕੇ ਟੈਸਟ ਲਿਆ ਜਾਂਦਾ ਹੈ ਜਦੋਂ ਕਿ ਇਹ ਬਹੁਤ ਹੀ ਗਲਤ ਪ੍ਰਥਾ ਹੈ । ਨਿਰੀਖਣ ਟੀਮ ਨੂੰ ਚਾਹੀਦਾ ਹੈ ਕਿ ਉਹ ਇਸ ਤਰ੍ਹਾਂ ਕੁਝ ਵਿਦਿਆਰਥੀਆਂ ਨੂੰ ਪੂਰੀ ਕਲਾਸ ਤੋਂ ਵੱਖਰਾ ਨਾ ਕੀਤਾ ਜਾਵੇ ਅਤੇ ਜਦੋਂ ਵੀ ਟੈਸਟ ਲੈਣਾ ਹੋਵੇ ਤਾਂ ਪੂਰੀ ਕਲਾਸ ਵਿੱਚ ਹੀ ਲਿਆ ਜਾਵੇ ।

6. ਇਹ ਸਪਸਟ ਕੀਤਾ ਜਾਂਦਾ ਹੈ ਕਿ ਨਿਰੀਖਣ ਟੀਮਾਂ ਮੁੱਖ ਦਫਤਰ ਦੀ ਤਰਫੋਂ ਨਿਰੀਖਣ ਲਈ ਜਾਂਦੀਆਂ ਹਨ । ਇਹਨਾਂ ਟੀਮਾਂ ਨਾਲ ਕਿਸੇ ਵੀ ਤਰ੍ਹਾਂ ਦਾ ਅਸਹਿਯੋਗ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੋਵੇਗੀ ਅਤੇ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

ਡੀ.ਜੀ.ਐਸ.ਈ